# ਜਿੱਥੇ ਪਬਲਿਕ ਗਾਰਡੀਅਨ ਟਰੱਸਟੀ (ਪੀ ਜੀ ਟੀ) ਜਾਤੀ ਟਰੱਸਟ ਦੇ ਟਰੱਸਟੀ ਵਜੋਂ ਪੈਸਿਆਂ ਲਈ ਬੇਨਤੀ ਕਰੇ, ਜਦੋਂ ਲਾਭ-ਪਾਤਰ ਦਾ ਕੋਈ ਕਾਨੂੰਨੀ ਨੁਮਾਇੰਦਾ ਹੋਵੇ

## ਕਰਤੱਵ (ਰੋਲ)

ਜਾਤੀ ਪੈਸੇ ਅਤੇ ਟਰੱਸਟ ਦੇ ਪ੍ਰਬੰਧ ਲਈ ਪਬਲਿਕ ਗਾਰਡੀਅਨ ਅਤੇ ਟਰੱਸਟੀ (ਪੀ ਜੀ ਟੀ) ਅੰਦਰ ਕਈ ਵੱਖਰੇ ਵੱਖਰੇ ਕਾਨੂੰਨੀ ਕਰਤੱਵ ਮੌਜੂਦ ਹਨ। ਇਨ੍ਹਾਂ ਵਿਚ ਸ਼ਾਮਲ ਹਨ ਟਰੱਸਟੀ, ਇਸਟੇਟ (ਜਾਇਦਾਦ) ਦੀ ਕਮੇਟੀ, ਪਾਵਰ ਆਫ ਅਟਾਰਨੀ ਜਾਂ ਨੁਮਾਇੰਦਗੀ ਦੇ ਸਮਝੌਤੇ ਅਧੀਨ ਨੁਮਾਇੰਦਾ। ਇਨ੍ਹਾਂ ਕਾਨੂੰਨੀ ਕਰਤੱਵਾਂ ਦੇ ਹਰ ਇਕ ਦੇ ਆਪਣੇ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਹੁੰਦੀਆਂ ਹਨ। ਕਦੇ ਪੀ ਜੀ ਟੀ ਕਿਸੇ ਜਾਤੀ ਟਰੱਸਟ ਦੇ ਬਾਲਗ ਲਾਭ-ਪਾਤਰ ਦਾ ਜਾਤੀ ਟਰੱਸਟ ਦਾ ਟਰੱਸਟੀ ਵੀ ਹੋ ਸਕਦਾ ਹੈ ਅਤੇ ਨਾਲ ਹੀ ਕਾਨੂੰਨੀ ਨੁਮਾਇੰਦਾ (ਜਿਵੇਂ ਕਿ ਇਸਟੇਟ (ਜਾਇਦਾਦ) ਦੀ ਕਮੇਟੀ) ਵੀ।

## ਖਰਚੇ ਪੈਸਿਆਂ ਨੂੰ ਟਰੱਸਟ ਵਿੱਚੋਂ ਕਢਾਉਣ ਲਈ ਕਿਸ ਵਲੋਂ ਬੇਨਤੀ ਕੀਤੀ ਜਾਣੀ ਚਾਹੀਦੀ ਹੈ?

*ਜਦੋਂ ਕੋਈ ਕਾਨੂੰਨੀ ਨੁਮਾਇੰਦਾ ਨਾ ਹੋਵੇ:*

ਜੇ ਬਾਲਗ ਲਾਭ-ਪਾਤਰ ਦਾ ਕੋਈ ਕਾਨੂੰਨੀ ਨੁਮਾਇੰਦਾ ਨਾ ਹੋਵੇ, ਤਾਂ ਅਜਿਹੀ ਸਥਿਤੀ ਵਿਚ ਬਾਲਗ ਨੂੰ ਆਪਣੇ ਜਾਤੀ ਪੈਸਿਆਂ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ, ਸਣੇ ਟਰੱਸਟ ਦੇ ਪੈਸਿਆਂ ਤੱਕ ਪਹੁੰਚ ਕਰਨ ਲਈ। ਇਸ ਕਰਕੇ ਬਾਲਗ ਲਾਭ-ਪਾਤਰ ਟਰੱਸਟੀ ਕੋਲ ਸਿੱਧੀ ਬੇਨਤੀ ਕਰੇਗਾ। ਜਿਨ੍ਹਾਂ ਬਾਲਗਾਂ ਦਾ ਕੋਈ ਕਾਨੂੰਨੀ ਨੁਮਾਇੰਦਾ ਨਾ ਹੋਵੇ ਉਨ੍ਹਾਂ ਵਿੱਚੋਂ ਕੁਝ ਨੂੰ ਟਰੱਸਟ ਅੱਗੇ ਬੇਨਤੀ ਕਰਨ ਵਿਚ ਮੱਦਦ ਦੀ ਲੋੜ ਹੈ ਸਕਦੀ ਹੈ।

*ਜਦੋਂ ਕੋਈ ਕਾਨੂੰਨੀ ਨੁਮਾਇੰਦਾ ਹੋਵੇ:*

ਜੇ ਬਾਲਗ ਲਾਭ-ਪਾਤਰ ਦਾ ਕੋਈ ਕਾਨੂੰਨੀ ਨੁਮਾਇੰਦਾ {ਜਿਵੇਂ ਕਿ ਇਸਟੇਟ (ਜਾਇਦਾਦ) ਦੀ ਕਮੇਟੀ, ਪਾਵਰ ਆਫ ਅਟਾਰਨੀ ਜਾਂ ਨੁਮਾਇੰਦਾ} ਹੋਵੇ, ਤਾਂ ਜਿਸ ਕੋਲ ਵੀ ਇਹ ਅਧਿਕਾਰ ਹੋਵੇ, ਉਹ ਬਾਲਗ ਦੇ ਪੈਸਿਆਂ ਦਾ ਪ੍ਰਬੰਧ ਕਰਨ ਲਈ ਜ਼ਿੰਮੇਵਾਰ ਹੈ, ਸਣੇ ਟਰੱਸਟ ਦੇ ਪੈਸਿਆਂ ਤੱਕ ਪਹੁੰਚ ਕਰਨ ਲਈ। ਇਸ ਕਰਕੇ ਬਾਲਗ ਲਾਭ-ਪਾਤਰ ਵਲੋਂ ਕਾਨੂੰਨੀ ਨੁਮਾਇੰਦਾ ਟਰੱਸਟੀ ਕੋਲ ਸਿੱਧੀ ਬੇਨਤੀ ਕਰੇਗਾ।

## ਪਰ ਜੇ ਪੀ ਜੀ ਟੀ ਕਿਸੇ ਜਾਤੀ ਟਰੱਸਟ ਦਾ ਕਾਨੂੰਨੀ ਨੁਮਾਇੰਦਾ ਵੀ ਹੋਵੇ ਤੇ ਟਰੱਸਟੀ ਵੀ?

ਜਿੱਥੇ ਪੀ ਜੀ ਟੀ ਕਿਸੇ ਬਾਲਗ ਦਾ ਕਾਨੂੰਨੀ ਨੁਮਾਇੰਦਾ ਹੋਵੇ ਅਤੇ ਉਹ ਬਾਲਗ ਜਾਤੀ ਟਰੱਸਟ ਅਧੀਨ ਲਾਭ-ਪਾਤਰ ਵੀ ਹੋਵੇ, ਅਜਿਹੀ ਸਥਿਤੀ ਵਿਚ ਟਰੱਸਟ ਫੰਡ ਤੱਕ ਪਹੁੰਚ ਲਈ ਬੇਨਤੀ ਸਿੱਧੀ ਉਸ ਵਿਅਕਤੀ ਦੇ ਪੀ ਜੀ ਟੀ ਦੇ ਕੇਸ ਮੈਨੇਜਰ ਕੋਲ ਕਰਨੀ ਚਾਹੀਦੀ ਹੈ।

ਜਦੋਂ ਕੇਸ ਮੈਨੇਜਰ ਨੂੰ ਟਰੱਸਟ ਦੇ ਪੈਸਿਆਂ ਤੱਕ ਪਹੁੰਚ ਲਈ ਬੇਨਤੀ ਮਿਲਦੀ ਹੈ ਤਾਂ ਕੇਸ ਮੈਨੇਜਰ ਪਹਿਲਾਂ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕੀ ਬੇਨਤੀ ਢੁੱਕਵੀਂ ਹੈ। ਕੁਝ ਹਾਲਤਾਂ ਵਿਚ, ਸਰਕਾਰ ਵਲੋਂ ਫੰਡ ਕੀਤੇ ਵਸੀਲੇ ਮਿਲਦੇ ਹੋ ਸਕਦੇ ਹਨ ਜਿਹੜੇ ਬਾਲਗ ਦੀਆਂ ਲੋੜਾਂ ਦੀ ਪੂਰਤੀ ਕਰਦੇ ਹੋਣ ਜਾਂ ਇਹ ਗੱਲ ਵੀ ਢੁੱਕਵੀਂ ਹੋ ਸਕਦੀ ਹੈ ਕਿ ਬੇਨਤੀ ਨੂੰ ਬਾਲਗ ਦੇ ਜਾਤੀ ਫੰਡ ਵਿੱਚੋਂ ਪੂਰਾ ਕੀਤਾ ਜਾਵੇ। ਜੇ ਬੇਨਤੀ ਢੁੱਕਵੀਂ ਲੱਗੇ ਤਾਂ ਕੇਸ ਮੈਨੇਜਰ ਜਾਤੀ ਟਰੱਸਟ ਪ੍ਰਬੰਧਕ (ਪਰਸਨਲ ਟਰੱਸਟ ਐਡਮਿਨਸਟਰੇਟਰ) ਕੋਲ ਬੇਨਤੀ ਪੇਸ਼ ਕਰੇਗਾ।

ਜਾਤੀ ਟਰੱਸਟ ਪ੍ਰਬੰਧਕ (ਪਰਸਨਲ ਟਰੱਸਟ ਐਡਮਿਨਸਟਰੇਟਰ) ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕੀ ਕੀਤੀ ਗਈ ਸਹਾਇਤਾ ਲਈ ਬੇਨਤੀ ਟਰੱਸਟ ਪੂਰੀ ਕਰਨ ਯੋਗ ਹੈ, ਇਹ ਗੱਲ ਟਰੱਸਟ ਦੀਆਂ ਸ਼ਰਤਾਂ, ਟਰੱਸਟ ਦੇ ਆਕਾਰ, ਟਰੱਸਟ ਦੀ ਅੰਤ ਵਿਚ ਵੰਡ, ਲਾਭ-ਪਾਤਰ ਨੂੰ ਮਿਲ ਸਕਣ ਵਾਲੇ ਹੋਰ ਵਸੀਲਿਆਂ ਅਤੇ ਬੇਨਤੀ ਦੀ ਕਿਸਮ ਆਦਿ ਸਭ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਵੇਗੀ।

ਬੇਨਤੀ ਦੇ ਫੈਸਲਿਆਂ ਬਾਰੇ ਪੁੱਛ ਪੜਤਾਲ ਵਿਅਕਤੀ ਦੇ ਪੀ ਜੀ ਟੀ ਦੇ ਕੇਸ ਮੈਨੇਜਰ ਤੋਂ ਕੀਤੀ ਜਾ ਸਕਦੀ ਹੈ। ਜੇ ਵਿਅਕਤੀ ਦਾ ਕੋਈ ਪੀ ਜੀ ਟੀ ਕੇਸ ਮੈਨੇਜਰ ਨਹੀਂ ਹੈ ਤਾਂ ਪੁੱਛ ਪੜਤਾਲ ਜਾਤੀ ਟਰੱਸਟ ਪ੍ਰਬੰਧਕ (ਪਰਸਨਲ ਟਰੱਸਟ ਐਡਮਿਨਸਟਰੇਟਰ) ਤੋਂ ਕੀਤੀ ਜਾ ਸਕਦੀ ਹੈ।

ਪੀ ਜੀ ਟੀ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ - www.trustee.bc.ca 'ਤੇ ਆਵੋ ਜਾਂ ਸਾਡੇ ਨਾਲ ਸੰਪਰਕ ਕਰੋ:


Public Guardian and Trustee
700 – 808 West Hastings Street
Vancouver, BC  V6C 3L3
ਫੋਨ: (604) 660-4444
ਫੈਕਸ: (604) 660-0374
ਈਮੇਲ: mail@trustee.bc.ca